ਮਿੱਠੇ ਬੱਚੇ:- " ਮਿੱਠੇ ਬੱਚੇ :- ਮਧੂਬਨ ਹੋਲੀਐਸਟ ਆਫ ਦੀ ਹੋਲੀ ਬਾਪ ਦਾ ਘਰ ਹੈ , ਇੱਥੇ ਤੁਸੀਂ ਕਿਸੇ ਵੀ ਪਤਿਤ ਨੂੰ ਨਹੀਂ ਲਿਆ ਸਕਦੇ "

ਪ੍ਰਸ਼ਨ:- ਇਸ ਈਸ਼ਵਰੀ ਮਿਸ਼ਨ ਵਿੱਚ ਜੋ ਪੱਕੇ ਨਿਸ਼ਚੈ ਬੁੱਧੀ ਹਨ ਉਨ੍ਹਾਂ ਦੀ ਨਿਸ਼ਾਨੀਆਂ ਕੀ ਹੋਣਗੀਆਂ?

ਉੱਤਰ:- 1- ਉਹ ਸਤੂਤੀ - ਨਿੰਦਾ। ਸਭ ਨਾਲ ਧੀਰਜ ਤੋਂ ਕੰਮ ਲੈਣਗੇ, 2. ਗੁੱਸਾ ਨਹੀਂ ਕਰਨਗੇ, 3. ਕਿਸੇ ਨੂੰ ਵੀ ਦੈਹਿਕ ਦ੍ਰਿਸ਼ਟੀ ਨਾਲ ਨਹੀਂ ਵੇਖਣਗੇ। ਆਤਮਾ ਨੂੰ ਹੀ ਵੇਖਣਗੇ,ਆਤਮਾ ਹੋਕੇ ਗੱਲ ਕਰਨਗੇ, 4. ਇਸਤਰੀ - ਪੁਰਸ਼ ਨਾਲ ਰਹਿੰਦੇ ਕਮਲ ਫੁਲ ਸਮਾਨ ਰਹਿਣਗੇ, 5. ਕਿਸੇ ਵੀ ਤਰ੍ਹਾਂ ਦੀ ਤਮੰਨਾ (ਇੱਛਾ) ਨਹੀਂ ਰੱਖਣਗੇ।

ਗੀਤ:- ਜਲੇ ਨਾ ਕਿਓਂ ਪਰਵਾਨਾ...

ਓਮ ਸ਼ਾਂਤੀ। ਰੂਹਾਨੀ ਬੱਚਿਆਂ ਪ੍ਰਤੀ ਰੂਹਾਨੀ ਬਾਪ ਸਮਝਾ ਰਹੇ ਹਨ ਮਤਲਬ ਭਗਵਾਨ ਪੜ੍ਹਾ ਰਹੇ ਹਨ ਰੂਹਾਨੀ ਸਟੂਡੈਂਟ ਨੂੰ। ਉਨ੍ਹਾਂ ਸਕੂਲਾਂ ਵਿੱਚ ਜੋ ਬੱਚੇ ਪੜ੍ਹਦੇ ਹਨ, ਉਨ੍ਹਾਂ ਨੂੰ ਕੋਈ ਰੂਹਾਨੀ ਸਟੂਡੈਂਟ ਨਹੀਂ ਕਹਾਂਗੇ। ਉਹ ਤਾਂ ਹਨ ਹੀ ਆਸੁਰੀ ਵਿਕਾਰੀ ਸੰਪਰਦਾਏ ਦੇ। ਪਹਿਲੋਂ ਤੁਸੀਂ ਵੀ ਆਸੁਰੀ ਅਤੇ ਰਾਵਣ ਸੰਪਰਦਾਏ ਦੇ ਸੀ। ਹੁਣ ਰਾਮ ਰਾਜ ਵਿੱਚ ਚੱਲਣ ਦੇ ਲਈ 5 ਵਿਕਾਰਾਂ ਰੂਪੀ ਰਾਵਣ ਤੇ ਜਿੱਤ ਪਾਉਣ ਦਾ ਪੁਰਸ਼ਾਰਥ ਕਰ ਰਹੇ ਹੋ। ਇਹ ਜੋ ਨਾਲੇਜ ਪ੍ਰਾਪਤ ਨਹੀਂ ਕਰਦੇ ਉਨ੍ਹਾਂ ਨੂੰ ਸਮਝਾਉਣਾ ਪੈਂਦਾ ਹੈ - ਤੁਸੀਂ ਰਾਵਣ ਰਾਜ ਵਿੱਚ ਹੋ। ਖ਼ੁਦ ਸਮਝਦੇ ਨਹੀਂ ਹੋ। ਤੁਸੀਂ ਆਪਣੇ ਮਿੱਤਰ - ਸੰਬੰਧੀਆਂ ਆਦਿ ਨੂੰ ਕਹਿੰਦੇ ਹੋ ਅਸੀਂ ਬੇਹੱਦ ਦੇ ਬਾਪ ਦੇ ਕੋਲ ਪੜ੍ਹਦੇ ਹਾਂ ਤਾਂ ਇਵੇਂ ਨਹੀਂ ਕਿ ਉਹ ਨਿਸ਼ਚੇ ਕਰਦੇ ਹਨ। ਕਿੰਨਾ ਵੀ ਬਾਪ ਕਹਿਣ ਜਾਂ ਭਗਵਾਨ ਕਹਿਣ ਤਾਂ ਵੀ ਨਿਸ਼ਚੇ ਨਹੀਂ ਕਰਦੇ। ਨਵੇਂ ਨੂੰ ਤਾਂ ਇੱਥੇ ਆਉਣ ਦਾ ਹੁਕਮ ਨਹੀਂ ਹੈ। ਬਗੈਰ ਚਿੱਠੀ ਜਾਂ ਬਗੈਰ ਪੁੱਛੇ ਤਾਂ ਕੋਈ ਆ ਵੀ ਨਹੀਂ ਸਕਦੇ। ਪਰ ਕਦੇ - ਕਦੇ ਕੋਈ ਆ ਜਾਂਦੇ ਹਨ, ਇਹ ਵੀ ਕਾਇਦੇ ਦਾ ਉਲੰਘਣ ਹੈ। ਇੱਕ - ਇੱਕ ਦਾ ਪੂਰਾ ਸਮਾਚਾਰ, ਨਾਮ ਆਦਿ ਲਿਖ ਪੁੱਛਣਾ ਹੁੰਦਾ ਹੈ। ਇਨ੍ਹਾਂ ਨੂੰ ਭੇਜ ਦਈਏ? ਫਿਰ ਬਾਬਾ ਕਹਿੰਦੇ ਹਨ ਭਾਵੇਂ ਭੇਜ ਦੋ। ਜੇਕਰ ਆਸੁਰੀ ਪਤਿਤ ਦੁਨੀਆਂ ਦੇ ਸਟੂਡੈਂਟ ਹੋਣਗੇ ਤਾਂ ਬਾਪ ਸਮਝਾਉਣਗੇ, ਉਹ ਪੜ੍ਹਾਈ ਤਾਂ ਵਿਕਾਰੀ ਪਤਿਤ ਪੜ੍ਹਾਉਂਦੇ ਹਨ। ਇਹ ਈਸ਼ਵਰ ਪੜ੍ਹਾਉਂਦੇ ਹਨ। ਉਸ ਪੜ੍ਹਾਈ ਨਾਲ ਪਾਈ - ਪੈਸੇ ਦਾ ਦਰਜਾ ਮਿਲਦਾ ਹੈ। ਭਾਵੇਂ ਕੋਈ ਬਹੁਤ ਵੱਡਾ ਇਮਤਿਹਾਨ ਪਾਸ ਕਰਦੇ ਹਨ, ਫਿਰ ਕਿੱਥੇ ਤੱਕ ਕਮਾਉਂਦੇ ਰਹਿਣਗੇ। ਵਿਨਾਸ਼ ਤਾਂ ਸਾਹਮਣੇ ਖੜ੍ਹਾ ਹੈ। ਨੈਚਰੁਲ ਕੈਲੇਮਿਟੀਜ਼ ਵੀ ਸਭ ਆਉਣ ਵਾਲੀਆਂ ਹਨ। ਇਹ ਵੀ ਤੁਸੀਂ ਸਮਝਦੇ ਹੋ, ਜੋ ਨਹੀਂ ਸਮਝਦੇ ਹਨ ਉਨ੍ਹਾਂ ਨੂੰ ਬਾਹਰ ਵਿਜ਼ਿਟਿੰਗ ਰੂਮ ਵਿੱਚ ਬਿਠਾ ਸਮਝਾਉਣਾ ਹੁੰਦਾ ਹੈ। ਇਹ ਹੈ ਈਸ਼ਵਰੀ ਪੜ੍ਹਾਈ, ਇਸ ਵਿੱਚ ਨਿਸ਼ਚੇਬੁੱਧੀ ਹੀ ਵਿਜਯੰਤੀ ਹੋਣਗੇ ਮਤਲਬ ਵਿਸ਼ਵ ਤੇ ਰਾਜ ਕਰਨਗੇ। ਰਾਵਨ ਸੰਪਰਦਾਏ ਵਾਲੇ ਤਾਂ ਇਹ ਜਾਣਦੇ ਨਹੀਂ। ਇਸ ਵਿੱਚ ਬਹੁਤ ਖਬਰਦਾਰੀ ਚਾਹੀਦੀ ਹੈ। ਪਰਮਿਸ਼ਨ ਬਗੈਰ ਕੋਈ ਵੀ ਅੰਦਰ ਆ ਨਹੀਂ ਸਕਦਾ। ਇਹ ਕੋਈ ਘੁੰਮਣ - ਫਿਰਨ ਦੀ ਜਗ੍ਹਾ ਨਹੀਂ ਹੈ। ਥੋੜੇ ਸਮੇਂ ਵਿੱਚ ਕਾਇਦੇ ਕੜੇ ਹੋ ਜਾਣਗੇ ਕਿਓਂਕਿ ਇਹ ਹੈ ਹੋਲੀਐਸਟ ਆਫ ਦੀ ਹੋਲੀ। ਸ਼ਿਵਬਾਬਾ ਨੂੰ ਇੰਦਰ ਵੀ ਕਹਿੰਦੇ ਹੈ ਨਾ। ਇਹ ਇੰਦਰ ਸਭਾ ਹੈ। 9 ਰਤਨ ਅੰਗੂਠੀ ਵਿੱਚ ਵੀ ਪਹਿਣਦੇ ਹਨ ਨਾ। ਉਨ੍ਹਾਂ ਰਤਨਾਂ ਵਿੱਚ ਨੀਲਮ ਵੀ ਹੁੰਦਾ ਹੈ, ਪੰਨਾ, ਮਾਣਿਕ ਵੀ ਹੁੰਦਾ ਹੈ। ਇਹ ਸਭ ਨਾਮ ਰੱਖੇ ਹੋਏ ਹਨ ਨਾ। ਪਰੀਆਂ ਦੇ ਵੀ ਨਾਮ ਹਨ ਨਾ। ਤੁਸੀਂ ਪਰੀਆਂ ਉੱਡਣ ਵਾਲੀ ਆਤਮਾਵਾਂ ਹੋ। ਤੁਹਾਡਾ ਹੀ ਵਰਨਣ ਹੈ। ਪਰ ਮਨੁੱਖ ਇਨ੍ਹਾਂ ਗੱਲਾਂ ਨੂੰ ਕੁਝ ਵੀ ਸਮਝਦੇ ਨਹੀਂ ਹਨ।

ਅੰਗੂਠੀ ਵਿੱਚ ਵੀ ਰਤਨ ਜੱਦ ਪਾਉਂਦੇ ਹਨ, ਤਾਂ ਉਨ੍ਹਾਂ ਵਿੱਚ ਕੋਈ ਪੁਖਰਾਜ, ਨੀਲਮ, ਪੇਰੂਜ਼ ਵੀ ਹੁੰਦੇ ਹਨ। ਕਿਸੇ ਦਾ ਦਾਮ ਹਜ਼ਾਰ ਰੁਪਿਆ ਤਾਂ ਕੋਈ ਦਾ ਦਾਮ 10 - 20 ਰੁਪਿਆ। ਬੱਚਿਆਂ ਵਿੱਚ ਵੀ ਨੰਬਰਵਾਰ ਹਨ। ਕੋਈ ਤਾਂ ਪੜ੍ਹਕੇ ਮਾਲਿਕ ਬਣ ਜਾਂਦੇ ਹਨ। ਕੋਈ ਫਿਰ ਪੜ੍ਹਕੇ ਦਾਸ - ਦਾਸੀਆਂ ਬਣ ਜਾਂਦੇ ਹਨ। ਰਾਜਧਾਨੀ ਸਥਾਪਨ ਹੁੰਦੀ ਹੈ ਨਾ। ਤਾਂ ਬਾਪ ਬੈਠ ਪੜ੍ਹਾਉਂਦੇ ਹਨ। ਇੰਦਰ ਵੀ ਉਨ੍ਹਾਂ ਨੂੰ ਹੀ ਕਿਹਾ ਜਾਂਦਾ ਹੈ । ਇਹ ਗਿਆਨ ਵਰਖਾ ਹੈ। ਗਿਆਨ ਤਾਂ ਸਿਵਾਏ ਬਾਪ ਦੇ ਕੋਈ ਦੇ ਨਾ ਸਕੇ। ਤੁਹਾਡੀ ਐਮ ਆਬਜੈਕਟ ਹੀ ਇਹ ਹੈ। ਜੇ ਨਿਸ਼ਚੇ ਹੋ ਜਾਏ ਕਿ ਈਸ਼ਵਰ ਪੜ੍ਹਾਉਂਦੇ ਹਨ ਫਿਰ ਉਹ ਪੜ੍ਹਾਈ ਨੂੰ ਛੱਡਣਗੇ ਨਹੀਂ। ਜੋ ਹੋਣਗੇ ਹੀ ਪੱਥਰਬੁੱਧੀ, ਉਨ੍ਹਾਂ ਨੂੰ ਕਦੀ ਤੀਰ ਨਹੀਂ ਲੱਗੇਗਾ। ਅੱਗੇ ਚਲਦੇ - ਚਲਦੇ ਫਿਰ ਡਿੱਗ ਪੈਂਦੇ ਹਨ। 5 ਵਿਕਾਰ ਅੱਧਾਕਲਪ ਦੇ ਦੁਸ਼ਮਣ ਹਨ। ਮਾਇਆ ਦੇਹ - ਅਭਿਮਾਨ ਵਿੱਚ ਲਿਆਕੇ ਥੱਪੜ ਮਾਰ ਦਿੰਦੀ ਹੈ ਫਿਰ ਅਸ਼ਚਰਯਵਤ ਸੁੰਨਤੀ, ਕਥੰਤੀ, ਭਗੰਤੀ ਹੋ ਜਾਂਦੇ ਹਨ। ਇਹ ਮਾਇਆ ਬਹੁਤ ਦੁਸ਼ਤਰ ਹੈ, ਇੱਕ ਹੀ ਥੱਪੜ ਨਾਲ ਸੁੱਟ ਦਿੰਦੀ ਹੈ। ਸਮਝਦੇ ਹਨ ਅਸੀਂ ਕਦੀ ਨਹੀਂ ਡਿੱਗਾਂਗੇ ਫਿਰ ਵੀ ਮਾਇਆ ਥੱਪੜ ਲਗਾ ਦਿੰਦੀ ਹੈ। ਇੱਥੇ ਇਸਤਰੀ - ਪੁਰਸ਼ ਦੋਵਾਂ ਨੂੰ ਪਵਿੱਤਰ ਬਣਾਇਆ ਜਾਂਦਾ ਹੈ। ਸੋ ਤਾਂ ਈਸ਼ਵਰ ਦੇ ਸਿਵਾਏ ਕੋਈ ਬਣਾ ਨਾ ਸਕੇ। ਇਹ ਹੈ ਈਸ਼ਵਰੀ ਮਿਸ਼ਨ।

ਬਾਪ ਨੂੰ ਖਵਇਆ ਵੀ ਕਿਹਾ ਜਾਂਦਾ ਹੈ, ਤੁਸੀਂ ਹੋ ਨਇਆ। ਖਵਿਆ ਆਉਂਦੇ ਹਨ, ਸਾਰਿਆਂ ਦੀ ਨਇਆ ਨੂੰ ਪਾਰ ਲਗਾਉਣ। ਕਹਿੰਦੇ ਵੀ ਹਨ ਸੱਚ ਦੀ ਨਇਆ ਡੋਲੇਗੀ ਪਰ ਡੁੱਬੇਗੀ ਨਹੀਂ। ਕਿੰਨੇ ਢੇਰ ਦੇ ਢੇਰ ਮੱਠ ਪੰਥ ਹੈ। ਗਿਆਨ ਅਤੇ ਭਗਤੀ ਦੀ ਜਿਵੇਂ ਲੜਾਈ ਹੁੰਦੀ

ਹੈ। ਕਦੀ ਭਗਤੀ ਦੀ ਵੀ ਵਿਜੈ ਹੋਵੇਗੀ, ਆਖਿਰ ਤਾਂ ਗਿਆਨ ਦੀ ਹੀ ਵਿਜੈ ਹੋਵੇਗੀ। ਭਗਤੀ ਦੇ ਵੱਲ ਵੇਖੋ। ਕਿੰਨੇ ਵੱਡੇ - ਵੱਡੇ ਯੋਧੇ ਹਨ। ਗਿਆਨ ਮਾਰਗ ਦੇ ਵੱਲ ਵੀ ਕਿੰਨੇ ਵੱਡੇ - ਵੱਡੇ ਯੋਧੇ ਹਨ। ਅਰਜੁਨ ਭੀਮ ਆਦਿ ਨਾਮ ਰੱਖੇ ਹਨ। ਇਹ ਤਾਂ ਸਭ ਕਹਾਣੀਆਂ ਬੈਠ ਬਣਾਈ ਹੈ। ਗਾਇਨ ਤਾਂ ਤੁਹਾਡਾ ਹੀ ਹੈ। ਹੀਰੋ - ਹੀਰੋਇਨ ਦਾ ਪਾਰ੍ਟ ਤੁਹਾਡਾ ਹੁਣ ਵਜ ਰਿਹਾ ਹੈ। ਇਸ ਸਮੇਂ ਹੀ ਯੁੱਧ ਚਲਦੀ ਹੈ। ਤੁਹਾਡੇ ਵਿੱਚ ਵੀ ਬਹੁਤ ਹਨ ਜੋ ਇਨ੍ਹਾਂ ਗੱਲਾਂ ਨੂੰ ਬਿਲਕੁਲ ਸਮਝਦੇ ਨਹੀਂ ਹਨ। ਜੋ ਚੰਗੇ - ਚੰਗੇ ਹੋਣਗੇ ਉਨ੍ਹਾਂ ਨੂੰ ਹੀ ਤੀਰ ਲੱਗੇਗਾ। ਥਰਡਕਲਾਸ ਤਾਂ ਬੈਠ ਨਾ ਸਕੇ। ਦਿਨ - ਪ੍ਰਤੀਦਿਨ ਬਹੁਤ ਕੜੇ ਕਾਇਦੇ ਹੁੰਦੇ ਜਾਣਗੇ। ਪੱਥਰਬੁੱਧੀ ਜੋ ਕੁਝ ਨਹੀਂ ਸਮਝਦੇ ਉਨ੍ਹਾਂ ਨੂੰ ਤਾਂ ਇੱਥੇ ਬੈਠਣਾ ਵੀ ਬੇਕਾਇਦੇ ਹੈ।

ਇਹ ਹਾਲ ਹੋਲੀਐਸਟ ਆਫ਼ ਹੋਲੀ ਹੈ। ਪੋਪ ਨੂੰ ਹੋਲੀ ਕਹਿੰਦੇ ਹਨ। ਇਹ ਤਾਂ ਬਾਪ ਹੈ ਹੋਲੀਏਸਟ ਆਫ਼ ਹੋਲੀ। ਬਾਪ ਕਹਿੰਦੇ ਹਨ ਇਨ੍ਹਾਂ ਸਾਰਿਆਂ ਦਾ ਮੈਨੂੰ ਕਲਿਆਣ ਕਰਨਾ ਹੈ। ਇਹ ਸਭ ਵਿਨਾਸ਼ ਹੋ ਜਾਣ ਵਾਲੇ ਹਨ। ਇਹ ਵੀ ਕੋਈ ਸਭ ਥੋੜੀ ਸਮਝਦੇ ਹਨ। ਭਾਵੇਂ ਸੁਣਦੇ ਹਨ ਪਰ ਇੱਕ ਕੰਨ ਤੋਂ ਸੁਣ ਦੂਜੇ ਕੰਨ ਤੋਂ ਨਿਕਾਲ ਦਿੰਦੇ ਹਨ। ਨਾ ਕੁਝ ਧਾਰਨ ਕਰਦੇ ਹਨ, ਨਾ ਕਰਾਉਂਦੇ ਹਨ। ਅਜਿਹੇ ਗੂੰਗੇ - ਬਹਿਰੇ ਵੀ ਬਹੁਤ ਹਨ। ਬਾਪ ਕਹਿੰਦੇ ਹਨ ਹਿਯਰ ਨੋ ਇਵਿਲ.... ਉਹ ਤਾਂ ਬੰਦਰ ਦਾ ਚਿੱਤਰ ਵਿਖਾਉਂਦੇ ਹਨ। ਪਰ ਇਹ ਤਾਂ ਮਨੁੱਖ ਦੇ ਲਈ ਕਿਹਾ ਜਾਂਦਾ ਹੈ। ਮਨੁੱਖ ਇਸ ਸਮੇਂ ਬੰਦਰ ਤੋਂ ਵੀ ਬਦਤਰ ਹਨ। ਨਾਰਦ ਦੀ ਵੀ ਕਹਾਣੀ ਬੈਠ ਬਣਾਈ ਹੈ। ਉਨ੍ਹਾਂ ਨੂੰ ਬੋਲਿਆ ਤੁਸੀਂ ਆਪਣੀ ਸ਼ਕਲ ਤਾਂ ਵੇਖੋ - 5 ਵਿਕਾਰ ਤਾਂ ਅੰਦਰ ਵਿੱਚ ਨਹੀਂ ਹਨ? ਜਿਵੇਂ ਸਾਖ਼ਸ਼ਾਤਕਾਰ ਹੁੰਦਾ ਹੈ। ਹਨੂਮਾਨ ਦਾ ਵੀ ਸਾਖ਼ਸ਼ਾਤਕਰ ਹੁੰਦਾ ਹੈ ਨਾ। ਬਾਪ ਕਹਿੰਦੇ ਹਨ ਕਲਪ - ਕਲਪ ਇਹ ਹੁੰਦਾ ਹੈ। ਸਤਯੁਗ ਵਿੱਚ ਇਹ ਕੁਝ ਵੀ ਗੱਲਾਂ ਹੁੰਦੀਆਂ ਨਹੀਂ। ਇਹ ਪੁਰਾਣੀ ਦੁਨੀਆਂ ਹੀ ਖਤਮ ਹੋ ਜਾਏਗੀ। ਜੋ ਪੱਕੇ ਨਿਸ਼ਚੇਬੁਧੀ ਹਨ, ਉਹ ਸਮਝਦੇ ਹਨ ਕਲਪ ਪਹਿਲੇ ਵੀ ਅਸੀਂ ਇਹ ਰਾਜ ਕੀਤਾ ਸੀ। ਬਾਪ ਕਹਿੰਦੇ ਹਨ - ਬੱਚੇ, ਹੁਣ ਦੈਵੀਗੁਣ ਧਾਰਨ ਕਰੋ। ਕੋਈ ਬੇਕਾਇਦੇ ਕੰਮ ਨਹੀਂ ਕਰੋ। ਸਤੂਤੀ - ਨਿੰਦਾ ਸਭ ਵਿੱਚ ਧੀਰਜ ਧਾਰਨ ਕਰਨਾ ਹੈ। ਗੁੱਸਾ ਨਹੀਂ ਹੋਣਾ ਚਾਹੀਦਾ ਹੈ। ਤੁਸੀਂ ਕਿੰਨੇ ਉੱਚ ਸਟੂਡੈਂਟ ਹੋ, ਭਗਵਾਨ ਬਾਪ ਪੜ੍ਹਾਉਂਦੇ ਹਨ। ਉਹ ਡਾਇਰੈਕਟ ਪੜ੍ਹਾ ਰਹੇ ਹਨ ਫਿਰ ਵੀ ਕਿੰਨੇ ਬੱਚੇ ਭੁੱਲ ਜਾਂਦੇ ਹਨ ਕਿਓਂਕਿ ਸਾਧਾਰਨ ਤਨ ਹੈ ਨਾ। ਬਾਪ ਕਹਿੰਦੇ ਹਨ ਦੇਹਧਾਰੀ ਨੂੰ ਵੇਖਣ ਨਾਲ ਤੁਸੀਂ ਇੰਨਾ ਉੱਠ ਨਹੀਂ ਸਕੋਗੇ। ਆਤਮਾ ਨੂੰ ਵੇਖੋ। ਆਤਮਾ ਇੱਥੇ ਭ੍ਰਿਕੁਟੀ ਦੇ ਵਿੱਚ ਰਹਿੰਦੀ ਹੈ। ਆਤਮਾ ਸੁਣ ਕੇ ਕੰਧੇ ਹਿਲਾਉਂਦੀ ਹੈ। ਹਮੇਸ਼ਾ ਆਤਮਾ ਨਾਲ ਗੱਲ ਕਰੋ। ਤੁਸੀਂ ਆਤਮਾ ਇਸ ਸ਼ਰੀਰ ਰੂਪੀ ਤਖਤ ਤੇ ਬੈਠੀ ਹੋ। ਤੁਸੀਂ ਤਮੋਪ੍ਰਧਾਨ ਸੀ ਹੁਣ ਸਤੋਪ੍ਰਧਾਨ ਬਣੋ। ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨ ਨਾਲ ਦੇਹ ਦਾ ਭਾਨ ਛੁੱਟ ਜਾਵੇਗਾ। ਅੱਧਾਕਲਪ ਦਾ ਦੇਹ - ਅਭਿਮਾਨ ਰਿਹਾ ਹੋਇਆ ਹੈ। ਇਸ ਸਮੇਂ ਸਾਰੇ ਦੇਹ - ਅਭਿਮਾਨੀ ਹਨ।

ਹੁਣ ਬਾਪ ਕਹਿੰਦੇ ਹਨ ਦੇਹੀ - ਅਭਿਮਾਨੀ ਬਣੋ। ਆਤਮਾ ਹੀ ਸਭ ਕੁਝ ਧਾਰਨ ਕਰਦੀ ਹੈ। ਖਾਂਦੀ - ਪੀਂਦੀ ਸਭ ਕੁਝ ਆਤਮਾ ਕਰਦੀ ਹੈ। ਬਾਪ ਨੂੰ ਤਾਂ ਅਭੋਕਤਾ ਕਿਹਾ ਜਾਂਦਾ ਹੈ। ਉਹ ਹੈ ਨਿਰਾਕਾਰ। ਇਹ ਸ਼ਰੀਰਧਾਰੀ ਸਭ ਕੁਝ ਕਰਦੇ ਹਨ। ਉਹ ਖਾਂਦਾ - ਪੀਂਦਾ ਕੁਝ ਨਹੀਂ, ਅਭੋਕਤਾ ਹੈ। ਤਾਂ ਇਸ ਦੀ ਫਿਰ ਉਹ ਲੋਕ ਕਾਪੀ ਬੈਠ ਕਰਦੇ ਹਨ। ਕਿੰਨਾ ਮਨੁੱਖਾਂ ਨੂੰ ਠੱਗਦੇ ਹਨ। ਤੁਹਾਡੀ ਬੁੱਧੀ ਵਿੱਚ ਹੁਣ ਸਾਰਾ ਗਿਆਨ ਹੈ, ਕਲਪ ਪਹਿਲੇ ਜਿਨ੍ਹਾਂ ਨੇ ਸਮਝਿਆ ਸੀ ਉਹ ਹੀ ਸਮਝਣਗੇ। ਬਾਪ ਕਹਿੰਦੇ ਹਨ ਮੈ ਹੀ ਕਲਪ - ਕਲਪ ਆਕੇ ਤੁਹਾਨੂੰ ਪੜ੍ਹਾਉਂਦਾ ਹਾਂ ਅਤੇ ਸਾਖ਼ਸ਼ੀ ਹੋ ਵੇਖਦਾ ਹਾਂ। ਨੰਬਰਵਾਰ ਪੁਰਸ਼ਾਰਥ ਅਨੁਸਾਰ ਜੋ ਪੜ੍ਹਿਆ ਸੀ ਉਹ ਹੀ ਪੜ੍ਹਨਗੇ। ਟਾਈਮ ਲੱਗਦਾ ਹੈ। ਕਹਿੰਦੇ ਹਨ ਕਲਯੁਗ ਹੁਣ 40 ਹਜ਼ਾਰ ਵਰ੍ਹੇ ਬਾਕੀ ਹੈ। ਤਾਂ ਘੋਰ ਹਨ੍ਹੇਰੇ ਵਿੱਚ ਹਨ ਨਾ। ਇਸ ਨੂੰ ਅਗਿਆਨ ਹਨ੍ਹੇਰਾ ਕਿਹਾ ਜਾਂਦਾ ਹੈ। ਭਗਤੀ ਮਾਰਗ ਅਤੇ ਗਿਆਨ ਮਾਰਗ ਵਿੱਚ ਰਾਤ - ਦਿਨ ਦਾ ਫਰਕ ਹੈ। ਇਹ ਵੀ ਸਮਝਣ ਦੀਆਂ ਗੱਲਾਂ ਹਨ। ਬੱਚੇ ਬਹੁਤ ਖੁਸ਼ੀ ਵਿੱਚ ਡੁੱਬੇ ਹੋਏ ਰਹਿਣਾ ਚਾਹੀਦੇ ਹਨ। ਸਭ ਕੁਝ ਹੈ, ਕੋਈ ਤਮੰਨਾ ਨਹੀਂ। ਜਾਣਦੇ ਹਨ ਕਲਪ ਪਹਿਲੇ ਮਿਸਲ ਸਾਡੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ ਇਸਲਈ ਪੇਟ ਭਰਿਆ ਰਹਿੰਦਾ ਹੈ। ਜਿਨ੍ਹਾਂ ਨੂੰ ਗਿਆਨ ਨਹੀਂ, ਉਨ੍ਹਾਂ ਦਾ ਥੋੜੀ ਪੇਟ ਭਰਿਆ ਰਹੇਗਾ। ਕਿਹਾ ਜਾਂਦਾ ਹੈ - ਖੁਸ਼ੀ ਜਿਹੀ ਖੁਰਾਕ ਨਹੀਂ। ਜਨਮ - ਜਨਮਾਂਤ੍ਰ ਦੀ ਰਜਾਈ ਮਿਲਦੀ ਹੈ। ਦਾਸ - ਦਾਸੀ ਬਣਨ ਵਾਲਿਆਂ ਨੂੰ ਇੰਨੀ ਖੁਸ਼ੀ ਨਹੀਂ ਰਹੇਗੀ। ਪੂਰਾ ਮਹਾਵੀਰ ਬਣਨਾ ਹੈ। ਮਾਇਆ ਹਿਲਾ ਨਾ ਸਕੇ।

ਬਾਪ ਕਹਿੰਦੇ ਹਨ ਅੱਖਾਂ ਦੀ ਬਹੁਤ ਸੰਭਾਲ ਰੱਖਣੀ ਹੈ। ਕ੍ਰਿਮੀਨਲ ਦ੍ਰਿਸ਼ਟੀ ਨਾ ਜਾਏ। ਇਸਤਰੀ ਨੂੰ ਵੇਖਣ ਨਾਲ ਚਲਾਇਮਾਨ ਹੋ ਜਾਂਦੇ ਹਨ। ਅਰੇ ਤੁਸੀਂ ਤਾਂ ਭਰਾ - ਭੈਣ, ਕੁਮਾਰ - ਕੁਮਾਰੀ ਹੋ ਨਾ। ਫਿਰ ਕਰਮਇੰਦਰੀਆਂ ਚੰਚਲਤਾ ਕਿਓਂ ਕਰਦੀਆਂ! ਵੱਡੇ - ਵੱਡੇ ਲੱਖਪਤੀ, ਕਰੋੜਪਤੀ ਨੂੰ ਵੀ ਮਾਇਆ ਖਲਾਸ ਕਰ ਦਿੰਦੀ ਹੈ। ਗਰੀਬਾਂ ਨੂੰ ਵੀ ਮਾਇਆ ਇਕਦਮ ਮਾਰ ਦਿੰਦੀ ਹੈ। ਫਿਰ ਕਹਿੰਦੇ ਬਾਬਾ ਅਸੀਂ ਧੱਕਾ ਖਾਇਆ। ਅਰੇ 10 ਵਰ੍ਹੇ ਦੇ ਬਾਦ ਵੀ ਹਾਰ ਖਾ ਲਈ। ਹੁਣ ਤਾਂ ਪਾਤਾਲ ਵਿੱਚ ਡਿੱਗ ਪਏ। ਅੰਦਰ ਵਿੱਚ ਸਮਝਦੇ ਹਨ ਇਨ੍ਹਾਂ ਦੀ ਅਵਸਥਾ ਕਿਵੇਂ ਦੀ ਹੈ। ਕੋਈ - ਕੋਈ ਤਾਂ ਬੜੀ ਚੰਗੀ ਸਰਵਿਸ ਕਰਦੇ ਹਨ। ਕੰਨਿਆਵਾਂ ਨੇ ਵੀ ਭੀਸ਼ਮ ਪਿਤਾਮਹ ਆਦਿ ਨੂੰ ਬਾਨ ਮਾਰੇ ਹਨ ਨਾ। ਗੀਤਾ ਵਿੱਚ ਥੋੜਾ ਬਹੁਤ ਹੈ। ਇਹ ਤਾਂ ਹੈ ਹੀ ਭਗਵਾਨੁਵਾਚ। ਜੇਕਰ ਕ੍ਰਿਸ਼ਨ ਭਗਵਾਨ ਨੇ ਗੀਤਾ ਸੁਣਾਈ ਤਾਂ ਫਿਰ ਇਵੇਂ ਕਿਓਂ ਕਹਿੰਦੇ ਮੈ ਜੋ ਹਾਂ, ਜਿਵੇਂ ਦਾ ਹਾਂ, ਕੋਈ ਵਿਰਲਾ ਜਾਣਦੇ ਹਨ। ਕ੍ਰਿਸ਼ਨ ਇੱਥੇ ਹੁੰਦਾ ਤਾਂ ਪਤਾ ਨਹੀਂ ਕੀ ਕਰ ਦਿੰਦੇ। ਕ੍ਰਿਸ਼ਨ ਦਾ ਸ਼ਰੀਰ ਤਾਂ ਹੁੰਦਾ ਹੀ ਹੈ ਸਤਿਯੁਗ ਵਿੱਚ। ਇਹ ਨਹੀਂ ਜਾਣਦੇ ਕਿ ਕ੍ਰਿਸ਼ਨ ਨੇ ਬਹੁਤ ਜਨਮਾਂ ਦੇ ਅੰਤ ਦੇ ਸ਼ਰੀਰ ਵਿੱਚ ਮੈ ਪ੍ਰਵੇਸ਼ ਕਰਦਾ ਹਾਂ। ਕ੍ਰਿਸ਼ਨ ਦੇ ਅੱਗੇ ਤਾਂ ਝੱਟ ਸਭ ਭੱਜ ਆਉਣ। ਪੋਪ ਆਦਿ ਆਉਂਦੇ ਹਨ ਤਾਂ ਕਿੰਨਾ ਝੁੰਡ ਜਾਕੇ ਇਕੱਠਾ ਹੁੰਦਾ ਹੈ। ਮਨੁੱਖ ਇਹ ਥੋੜੀ ਸਮਝਦੇ ਕਿ ਇਸ ਸਮੇਂ ਸਭ ਪਤਿਤ ਤਮੋਪ੍ਰਧਾਨ ਹਨ। ਕਹਿੰਦੇ ਵੀ ਹਨ ਹੇ ਪਤਿਤ - ਪਾਵਨ ਆਓ ਪਰ ਸਮਝਦੇ ਨਹੀਂ ਕਿ ਅਸੀਂ

ਪਤਿਤ ਹਾਂ। ਬੱਚਿਆਂ ਨੂੰ ਬਾਪ ਕਿੰਨਾ ਚੰਗੀ ਰੀਤੀ ਸਮਝਾਉਂਦੇ ਹਨ। ਬਾਬਾ ਦੀ ਬੁੱਧੀ ਤਾਂ ਸਭ ਸੈਂਟਰਜ਼ ਦੇ ਅਨੰਯ ਬੱਚਿਆਂ ਵੱਲ ਚਲੀ ਜਾਂਦੀ ਹੈ। ਜੱਦ ਜਾਸਤੀ ਅਨੰਯ ਬੱਚੇ ਇੱਥੇ ਆਉਂਦੇ ਹਨ ਤਾਂ ਫਿਰ ਇੱਥੇ ਵੇਖਦਾ ਹਾਂ, ਨਹੀਂ ਤਾਂ ਬਾਹਰ ਵਿੱਚ ਬੱਚਿਆਂ ਨੂੰ ਯਾਦ ਕਰਨਾ ਪੈਂਦਾ ਹੈ। ਉਨ੍ਹਾਂ ਦੇ ਅੱਗੇ ਗਿਆਨ ਡਾਂਸ ਕਰਦਾ ਹਾਂ। ਮੈਜ਼ੋਰਿਟੀ ਗਿਆਨੀ ਤੂੰ ਆਤਮਾ ਹੁੰਦੇ ਹਨ ਤਾ ਮਜ਼ਾ ਵੀ ਆਉਂਦਾ ਹੈ। ਨਹੀਂ ਤਾਂ ਬੱਚਿਆਂ ਤੇ ਕਿੰਨੇ ਅਤਿਆਚਾਰ ਹੁੰਦੇ ਹਨ। ਕਲਪ - ਕਲਪ ਸਹਿਣ ਕਰਨਾ ਪੈਂਦਾ ਹੈ। ਗਿਆਨ ਵਿੱਚ ਆਉਣ ਨਾਲ ਫਿਰ ਭਗਤੀ ਵੀ ਛੁੱਟ ਜਾਂਦੀ ਹੈ। ਘਰ ਵਿੱਚ ਸਮਝੋ ਮੰਦਿਰ ਹੈ, ਇਸਤਰੀ - ਪੁਰਸ਼ ਦੋਵੇਂ ਭਗਤੀ ਕਰਦੇ ਹਨ, ਇਸਤਰੀ ਨੂੰ ਗਿਆਨ ਦੀ ਚਟਕ ਲਗ ਜਾਂਦੀ ਹੈ ਅਤੇ ਭਗਤੀ ਛੱਡ ਦਿੰਦੀ ਤਾਂ ਕਿੰਨਾ ਹੰਗਾਮਾ ਹੋ ਜਾਵੇਗਾ। ਵਿਕਾਰ ਵਿੱਚ ਵੀ ਨਾ ਜਾਵੇ, ਸ਼ਾਸਤਰ ਆਦਿ ਵੀ ਨਾ ਪੜ੍ਹੇ ਤਾਂ ਝਗੜਾ ਹੋਵੇਗਾ ਨਾ। ਇਸ ਵਿੱਚ ਵਿਘਨ ਬਹੁਤ ਪੈਂਦੇ ਹਨ ਹੋਰ ਸਤਸੰਗ ਵਿੱਚ ਜਾਣ ਦੇ ਲਈ ਰੋਕਦੇ ਨਹੀਂ ਹਨ। ਇੱਥੇ ਹੈ ਪਵਿੱਤਰਤਾ ਦੀ ਗੱਲ। ਪੁਰਸ਼ ਤਾਂ ਨਹੀਂ ਰਹਿ ਸਕਦੇ ਤਾਂ ਜੰਗਲ ਵਿੱਚ ਚਲੇ ਜਾਂਦੇ, ਇਸਤਰੀਆਂ ਕਿੱਥੇ ਜਾਣ। ਇਸਤਰੀਆਂ ਦੇ ਲਈ ਉਹ ਸਮਝਦੇ ਹਨ ਨਰਕ ਦਾ ਦਵਾਰ ਹੈ। ਬਾਪ ਕਹਿੰਦੇ ਹਨ ਇਹ ਤਾਂ ਸ੍ਵਰਗ ਦਾ ਦਵਾਰ ਹਨ। ਤੁਸੀਂ ਬੱਚੀਆਂ ਹੁਣ ਸਵਰਗ ਸਥਾਪਨ ਕਰਦੀਆਂ ਹੋ। ਇਨ੍ਹਾਂ ਤੋਂ ਪਹਿਲਾਂ ਨਰਕ ਦਾ ਦਵਾਰ ਸੀ। ਹੁਣ ਸਵਰਗ ਦੀ ਸਥਾਪਨਾ ਹੁੰਦੀ ਹੈ। ਸਤਿਯੁਗ ਹੈ ਸਵਰਗ ਦਾ ਦਵਾਰ, ਕਲਯੁਗ ਹੈ ਨਰਕ ਦਾ ਦਵਾਰ। ਇਹ ਸਮਝ ਦੀ ਗੱਲ ਹੈ। ਤੁਸੀਂ ਬੱਚੇ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਸਮਝਦੇ ਹੋ। ਭਾਵੇਂ ਪਵਿੱਤਰ ਤਾਂ ਰਹਿੰਦੇ ਹਨ। ਬਾਕੀ ਗਿਆਨ ਦੀ ਧਾਰਨਾ ਨੰਬਰਵਾਰ ਹੁੰਦੀ ਹੈ। ਤੁਸੀਂ ਤਾਂ ਉਥੋਂ ਤੋਂ ਨਿਕਲਕੇ ਇੱਥੇ ਆਕੇ ਬੈਠੇ ਹੋ, ਪਰ ਹੁਣ ਤਾਂ ਸਮਝਾਇਆ ਜਾਂਦਾ ਹੈ ਗ੍ਰਹਿਸਤ ਵਿਵਹਾਰ ਵਿੱਚ ਰਹਿਣਾ ਹੈ। ਉਨ੍ਹਾਂ ਨੂੰ ਤਕਲੀਫ ਹੁੰਦੀ ਹੈ। ਇੱਥੇ ਰਹਿਣ ਵਾਲਿਆਂ ਦੇ ਲਈ ਤਾਂ ਕੋਈ ਤਕਲੀਫ ਨਹੀਂ ਹੈ। ਤਾਂ ਬਾਪ ਸਮਝਾਉਂਦੇ ਹਨ ਕਮਲ ਫੁਲ ਸਮਾਨ ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਪਵਿੱਤਰ ਰਹੋ। ਸੋ ਵੀ ਇਸ ਅੰਤਿਮ ਜਨਮ ਦੀ ਗੱਲ ਹੈ। ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਹੋਏ ਆਪਣੇ ਨੂੰ ਆਤਮਾ ਸਮਝੋ। ਆਤਮਾ ਹੀ ਸੁਣਦੀ ਹੈ, ਆਤਮਾ ਹੀ ਇਹ ਬਣੀ ਹੈ। ਆਤਮਾ ਹੀ ਜਨਮ - ਜਨਮਾਂਤ੍ਰ ਵੱਖ - ਵੱਖ ਡਰੈਸ ਪਹਿਣਦੀ ਆਈ ਹੈ। ਹੁਣ ਅਸੀਂ ਆਤਮਾਵਾਂ ਨੂੰ ਵਾਪਿਸ ਜਾਣਾ ਹੈ। ਬਾਪ ਨਾਲ ਯੋਗ ਲਗਾਉਣਾ ਹੈ। ਮੂਲ ਗੱਲ ਹੈ ਇਹ। ਬਾਪ ਕਹਿੰਦੇ ਹਨ ਮੈ ਆਤਮਾਵਾਂ ਨਾਲ ਗੱਲ ਕਰਦਾ ਹਾਂ। ਆਤਮਾ ਭ੍ਰਿਕੁਟੀ ਦੇ ਵਿੱਚਕਾਰ ਰਹਿੰਦੀ ਹੈ। ਇਨ੍ਹਾਂ ਆਰਗਨਸ ਦੁਆਰਾ ਸੁਣਦੀ ਹੈ। ਆਤਮਾ ਇਸ ਵਿੱਚ ਨਹੀਂ ਹੁੰਦੀ ਤਾਂ ਸ਼ਰੀਰ ਮੁਰਦਾ ਬਣ ਜਾਂਦਾ ਹੈ। ਬਾਪ ਕਿੰਨਾ ਵੰਡਰਫੁਲ ਗਿਆਨ ਆਕੇ ਦਿੰਦੇ ਹਨ। ਪਰਮਾਤਮਾ ਬਗੈਰ ਤਾਂ ਇਹ ਗੱਲਾਂ ਕੋਈ ਸਮਝਾ ਨਾ ਸਕੇ। ਸੰਨਿਆਸੀ ਆਦਿ ਕੋਈ ਆਤਮਾ ਨੂੰ ਥੋੜੀ ਵੇਖਦੇ ਹਨ। ਉਹ ਤਾਂ ਆਤਮਾ ਨੂੰ ਪਰਮਾਤਮਾ ਸਮਝਦੇ ਹਨ। ਦੂਜਾ ਫਿਰ ਕਹਿੰਦੇ ਆਤਮਾ ਵਿੱਚ ਲੇਪ - ਛੇਪ ਨਹੀਂ ਲੱਗਦਾ ਹੈ। ਸ਼ਰੀਰ ਨੂੰ ਧੋਣ ਗੰਗਾ ਵਿੱਚ ਜਾਂਦੇ ਹਨ। ਇਹ ਨਹੀਂ ਸਮਝਦੇ ਆਤਮਾ ਹੀ ਪਤਿਤ ਬਣਦੀ ਹੈ। ਆਤਮਾ ਹੀ ਸਭ ਕੁਝ ਕਰਦੀ ਹੈ। ਬਾਪ ਸਮਝਾਉਂਦੇ ਰਹਿੰਦੇ ਹਨ, ਇਹ ਨਾ ਸਮਝੋ ਅਸੀਂ ਫਲਾਣਾ ਹਾਂ, ਇਹ ਫਲਾਣਾ ਹੈ...। ਨਹੀਂ, ਸਭ ਆਤਮਾਵਾਂ ਹਨ। ਜਾਤੀ - ਪਾਤੀ ਦਾ ਕੋਈ ਭੇਦ ਨਹੀਂ ਰਹਿਣਾ ਚਾਹੀਦਾ। ਆਪਣੇ ਨੂੰ ਆਤਮਾ ਸਮਝੋ। ਗੌਰਮਿੰਟ ਕਿਸੇ ਧਰਮ ਨੂੰ ਨਹੀਂ ਮੰਨਦੀ। ਇਹ ਸਭ ਧਰਮ ਤਾਂ ਦੇਹ ਦੇ ਹਨ। ਪਰ ਸਭ ਆਤਮਾਵਾਂ ਦਾ ਬਾਪ ਤਾਂ ਇੱਕ ਹੀ ਹੈ। ਵੇਖਣਾ ਵੀ ਆਤਮਾ ਨੂੰ ਹੈ। ਸਾਰੀਆਂ ਆਤਮਾਵਾਂ ਦਾ ਸਵਧਰ੍ਮ ਸ਼ਾਂਤ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਜੋ ਗੱਲ ਕੰਮ ਦੀ ਨਹੀਂ ਹੈ, ਉਸ ਨੂੰ ਇੱਕ ਕੰਨ ਤੋਂ ਸੁਣ ਦੂਜੇ ਤੋਂ ਕੱਡ ਦੇਣਾ ਹੈ, ਹਿਯਰ ਨੋ ਇਵਿਲ... ਬਾਪ ਜੋ ਸਿੱਖਿਆਵਾਂ ਦਿੰਦਾ ਹੈ ਉਸ ਨੂੰ ਧਾਰਨ ਕਰਨਾ ਹੈ।

2. ਕੋਈ ਵੀ ਹੱਦ ਦੀਆਂ ਤਮੰਨਾਵਾਂ ਨਹੀਂ ਰੱਖਣੀਆਂ ਹਨ। ਅੱਖਾਂ ਦੀ ਬਹੁਤ ਸੰਭਾਲ ਰੱਖਣੀ ਹੈ। ਕ੍ਰਿਮੀਨਲ ਦ੍ਰਿਸ਼ਟੀ ਨਾ ਜਾਵੇ ਕੋਈ ਵੀ ਕਰਮਇੰਦ੍ਰੀ ਚਲਾਇਮਾਨ ਨਾ ਹੋਵੇ। ਖੁਸ਼ੀ ਨਾਲ ਭਰਪੂਰ ਰਹਿਣਾ ਹੈ।

ਵਰਦਾਨ:- ਮਾਇਆ ਦੇ ਖੇਡ ਨੂੰ ਸਾਕਸ਼ੀ ਹੋਕੇ ਦੇਖਣ ਵਾਲੇ ਸਦਾ ਨਿਰਭੈ , ਮਾਇਆ ਜਿੱਤ ਭਵ

ਸਮੇਂ ਪ੍ਰਤੀ ਸਮੇਂ ਜਿਵੇਂ ਤੁਸੀਂ ਬੱਚਿਆਂ ਦੀ ਸਟੇਜ ਅਗੇ ਵਧਦੀ ਜਾ ਰਹੀ ਹੈ, ਇਵੇਂ ਹੁਣ ਮਾਇਆ ਦਾ ਵਾਰ ਨਹੀਂ ਹੋਣਾ ਚਾਹੀਦਾ, ਮਾਇਆ ਨਮਸਕਾਰ ਕਰਨ ਆਏ ਵਾਰ ਕਰਨ ਨਹੀਂ। ਜੇਕਰ ਮਾਇਆ ਆ ਵੀ ਜਾਏ ਤਾਂ ਉਸਨੂੰ ਖੇਲ ਸਮਝਕੇ ਦੇਖੋ। ਇਵੇ ਅਨੁਭਵ ਹੋਵੇ ਜਿਵੇਂ ਸਾਕਸ਼ੀ ਹੋਕੇ ਹਦ ਦਾ ਡਰਾਮਾ ਦੇਖਦੇ ਹਨ। ਮਾਇਆ ਦਾ ਕਿਵੇਂ ਦਾ ਵੀ ਵਿਕਰਾਲ ਰੂਪ ਹੋਵੇ ਤੁਸੀਂ ਉਸਨੂੰ ਖਿਲੌਣਾ ਅਤੇ ਖੇਲ ਸਮਝਕੇ ਦੇਖੋਗੇ ਤਾਂ ਬਹੁਤ ਮਜ਼ਾ ਆਏਗਾ, ਫਿਰ ਉਸਤੋਂ ਡਰੋਗੇ ਅਤੇ ਘਬਰਾਓਗੇ ਨਹੀਂ। ਜੋ ਬੱਚੇ ਸਦਾ ਖਿਲਾੜੀ ਬਣਕੇ ਸਾਕਸ਼ੀ ਹੋਕੇ ਮਾਇਆ ਦਾ ਖੇਡ ਦੇਖਦੇ ਹਨ ਉਹ ਸਦਾ ਨਿਰਭੈ ਅਤੇ ਮਾਇਆਜਿੱਤ ਬਣ ਜਾਂਦੇ ਹਨ।

ਸਲੋਗਨ:- ਇਵੇਂ ਸਨੇਹ ਦਾ ਸਾਗਰ ਬਣੋ ਤਾਂ ਕ੍ਰੋਧ ਸਮੀਪ ਵੀ ਨਾ ਆ ਸਕੇ।

******

ਅਵਿੱਅਕਤ ਇਸ਼ਾਰੇ - ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ

ਕਰਮਾਤੀਤ ਮਤਲਬ ਕਰਮ ਦੇ ਅਧੀਨ ਨਹੀਂ, ਕਰਮਾ ਦੇ ਪ੍ਰਤੰਤਰ ਨਹੀਂ। ਸਵਤੰਤਰ ਹੋ ਕਰਮਇੰਦ੍ਰੀਆਂ ਦਵਾਰਾ ਕਰਮ ਕਰਾਓ। ਜੋ ਗਾਇਨ ਹੈ ਕਿ ਕਰਦੇ ਹੋਏ ਅਕਰਤਾ, ਸੰਪਰਕ - ਸੰਬੰਧ ਵਿੱਚ ਰਹਿੰਦੇ ਹੋਏ ਕਰਮਾਤੀਤ, ਕੀ ਇਵੇਂ ਦੀ ਸਟੇਜ ਰਹਿੰਦੀ ਹੈ? ਕੋਈ ਵੀ ਲਗਾਵ ਨਾ ਹੋਵੇ ਅਤੇ ਸਰਵਿਸ ਵੀ ਲਗਾਵ ਤੋਂ ਨਾ ਹੋ ਪਰ ਨਿਮਿਤ ਭਵ ਨਾਲ ਹੋਵੇ ਇਸਨਾਲ ਸਹਿਜ ਕਰਮਾਤੀਤ ਬਣ ਜਾਣਗੇ।